Roll No. ........................ Total Pages : 6

# 4031/MJ

**F–39/2051**

**PUNJABI COMPULSORY**

Paper–I

Semester–II

Time Allowed : 3 Hours] [Maximum Marks : 75

**ਨੋਟ:** ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ।

## ਭਾਗ–ੳ

1. ਭਾਈ ਵੀਰ ਸਿੰਘ ਦੀ ਕਵਿਤਾ 'ਬਿਨਫਸ਼ਾ ਦਾ ਫੁੱਲ' ਦਾ ਸਾਰ ਲਿਖੋ।

**ਜਾਂ**

ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਅਜ ਆਂਖਾਂ ਵਾਰਸ ਸ਼ਾਹ ਨੂੰ' ਦਾ ਵਿਸ਼ਾ ਕੀ ਹੈ?

**ਜਾਂ**

ਸ਼ਿਵ ਕੁਮਾਰ ਦੀ ਕਵਿਤਾ 'ਲੂਣਾ' ਬਾਰੇ ਆਪਣੇ ਵਿਚਾਰ ਪੇਸ਼ ਕਰੋ। 10



2. ਹੇਠ ਲਿਖੇ ਵਿੱਚੋਂ ਕਿਸੇ **ਇੱਕ** ਕਾਵਿ ਟੋਟੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ: 5

(ੳ) ਸੁਪਨੇ ਵਿਚ ਤੁਸੀਂ ਮਿਲੇ ਅਸਾਨੂੰ
ਅਸਾਂ ਧਾ ਗਲਵਕੜੀ ਪਾਈ
ਨਿਰਾ ਨੂਰ ਤੁਸੀਂ ਹੱਥ ਨਾ ਆਏ
ਸਾਡੀ ਕੰਬਦੀ ਰਹੀ ਕਲਾਈ।

(ਅ) ਹਿੰਦੂ, ਮੁਸਲਿਮ, ਸਿੱਖ, ਈਸਾਈ,
ਪਾਟੇ ਫਿਰਦੇ ਭਾਈ ਭਾਈ,
ਦੂਤੀਆਂ ਦੇ ਆਖੇ ਲੱਗ ਲੋਕੋ,
ਮੇਰੇ ਅੰਦਰ ਬਲਦੀ ਏ ਅੱਗ ਲੋਕੋ।

(ੲ) ਕੁਝ ਰੁੱਖ ਮੈਨੂੰ, ਪੁੱਤ ਲਗਦੇ ਨੇ
ਕੁਝ ਰੁੱਖ ਲਗਦੇ ਮਾਵਾਂ
ਕੁਝ ਰੁੱਖ ਨੂੰਹਾਂ ਧੀਆਂ ਲਗਦੇ
ਕੁਝ ਰੁੱਖ ਵਾਂਗ ਭਰਾਵਾਂ।

3. ਆਤਮਜੀਤ ਦੇ ਨਾਟਕ ਅਜੀਤ ਰਾਮ ਦਾ ਵਿਸ਼ਾ ਕੀ ਹੈ?

**ਜਾਂ**

ਅਜਮੇਰ ਸਿੰਘ ਔਲਖ ਦੇ ਨਾਟਕ ਗਾਨੀ ਦਾ ਸਾਰ ਲਿਖੋ।

**ਜਾਂ**

ਗੁਰਸ਼ਰਨ ਸਿੰਘ ਦੇ ਨਾਟਕ ਕਰਫਿਊ ਬਾਰੇ ਆਪਣੇ ਵਿਚਾਰ ਪੇਸ਼ ਕਰੋ। 10

## ਭਾਗ–ਅ

4. ਹੇਠ ਲਿਖੇ ਸ਼ਬਦਾਂ ਵਿਚੋਂ ਕਿਸੇ **ਪੰਜ** ਸ਼ਬਦਾਂ ਦਾ ਪੰਜਾਬੀ ਵਿੱਚ ਅਨੁਵਾਦ ਕਰੋ ਅਤੇ ਵਾਕਾਂ ਵਿੱਚ ਵਰਤੋਂ: 10

(i) Aboriginal tribe.

(ii) Accession.

(iii) Act of war.

(iv) Ancestor.

(v) Ancient.

(vi) Civilisation.



(vii) Battle field.

(viii) Bronze age.

(ix) Civil war.

(x) Cultural heritage.

(xi) Egyptian art.

5. ਇਤਿਹਾਸ ਅਤੇ ਸਾਹਿਤ ਇਤਿਹਾਸ ਵਿੱਚ ਕੀ ਅੰਤਰ ਹੈ?

**ਜਾਂ**

ਲੋਕਧਾਰਾ ਬਾਰੇ ਤੁਸੀਂ ਕੀ ਜਾਣਦੇ ਹੋ?

**ਜਾਂ**

ਇਤਿਹਾਸ ਅਤੇ ਲੋਕ-ਮਾਨਸਿਕਤਾ ਦਾ ਕੀ ਸੰਬੰਧ ਹੈ? 10

## ਭਾਗ–ੲ

6. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ: 15×2=30

(i) ਕਾਵਿ ਟਕਸਾਲ, ਕਾਵਿ ਸੰਗ੍ਰਹਿ ਦੇ ਸੰਪਾਦਕ ਕੌਣ ਹਨ?

(ii) ਲਘੂ ਨਾਟਕ ਸੰਗ੍ਰਹਿ 'ਲੱਗੀ ਨਜ਼ਰ ਪੰਜਾਬ ਨੂੰ' ਦੇ ਸੰਪਾਦਕ ਕੌਣ ਹਨ?

(iii) ਧਨੀ ਰਾਮ ਚਾਤ੍ਰਿਕ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ?

(iv) ਪ੍ਰੋ. ਪੂਰਨ ਸਿੰਘ ਕਿਸੇ ਵਿਸ਼ੇ ਦੇ ਵਿਦਵਾਨ ਸਨ?

(v) ਪ੍ਰੋ. ਮੋਹਨ ਸਿੰਘ ਤੋਂ ਜਾਣੂ ਕਰਵਾਓ।

(vi) ਅੰਮ੍ਰਿਤਾ ਪ੍ਰੀਤਮ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ?

(vii) ਆਤਮਜੀਤ ਬਾਰੇ ਤੁਸੀਂ ਕੀ ਜਾਣਦੇ ਹੋ?

(viii) ਅਜਮੇਰ ਸਿੰਘ ਔਲਖ ਦੇ ਪ੍ਰਸਿੱਧ ਨਾਟਕਾਂ ਦੇ ਨਾਂ ਲਿਖੋ।

(ix) ਕੀ ਤੁਸੀਂ ਨਾਟਕਕਾਰ ਦਵਿੰਦਰ ਦਮਨ ਬਾਰੇ ਜਾਣਦੇ ਹੋ?

(x) ਜਿਮੀਂਦਾਰੀ ਪ੍ਰਥਾ ਅਤੇ ਪ੍ਰਾਚੀਨ ਸਭਿਅਤਾ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ।



(xi) ਇਤਿਹਾਸ ਤੋਂ ਤੁਹਾਡਾ ਕੀ ਭਾਵ ਹੈ?

(xii) ਇਤਿਹਾਸ ਅਤੇ ਸਾਹਿਤ ਦਾ ਕੀ ਸਬੰਧ ਹੈ?

(xiii) ਮੌਖਿਕ ਇਤਿਹਾਸ ਕੀ ਹੁੰਦਾ ਹੈ?

(xiv) ਯਾਦਾਂ ਅਤੇ ਇਤਿਹਾਸ ਦਾ ਕੀ ਸਬੰਧ ਹੈ?

(xv) ਇਤਿਹਾਸ ਅਤੇ ਲੋਕਧਾਰਾ ਦਾ ਕੀ ਸਬੰਧ ਹੈ?